ਮਿਤੀ 30-06-2022

## ਪ੍ਰੈਸ ਨੋਟ

**ਜਿਲ੍ਹਾ ਪੁਲਿਸ ਫਿਰੋਜ਼ਪੁਰ ਵੱਲੋਂ ਅਪਰਾਧਕ ਗਤੀਵਿਧੀਆ ਵਿੱਚ ਸ਼ਾਮਲ 03 ਦੋਸ਼ੀਆਨ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ 01 ਦੇਸੀ ਪਿਸਤੌਲ ਸਪੈਸ਼ਲ 09 ਐਮ.ਐਮ. ਸਮੇਤ 05 ਜਿੰਦਾ ਰੌਂਦ, 02 ਦੇਸੀ ਕੱਟੇ 315 ਬੋਰ ਸਮੇਤ 04 ਜਿੰਦਾ ਰੋਂਦ ਅਤੇ ਇੱਕ ਸਕੌਡਾ ਕਾਰ ਬ੍ਰਾਮਦ ਕੀਤੀ ਗਈ**

ਪੰਜਾਬ ਸਰਕਾਰ ਵੱਲੋਂ ਗੈਂਗਸਟਰਾਂ/ਸਮਾਜ-ਵਿਰੋਧੀ ਅਨਸਰਾਂ/ਅਪਰਾਧੀਆ ਵਿਰੁੱਧ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਮਾਨਯੋਗ ਡਿਪਟੀ ਇੰਸਪੈਕਟਰ ਜਨਰਲ ਆਫ ਪੁਲਿਸ, ਫਿਰੋਜ਼ਪੁਰ ਰੇਂਜ਼, ਫਿਰੋਜ਼ਪੁਰ ਜੀ ਵੱਲੋਂ ਜ਼ਾਰੀ ਦਿਸ਼ਾ-ਨਿਰਦੇਸ਼ਾ ਅਨੁਸਾਰ ਸ਼੍ਰੀ ਚਰਨਜੀਤ ਸਿੰਘ ਆਈ.ਪੀ.ਐਸ., ਸੀਨੀਅਰ ਕਪਤਾਨ ਪੁਲਿਸ, ਫਿਰੋਜ਼ਪੁਰ ਜੀ ਦੀ ਅਗਵਾਈ ਹੇਠ ਜਿਲ੍ਹਾ ਫਿਰੋਜ਼ਪੁਰ ਵਿੱਚ ਅਪਰਾਧੀਆ ਨੂੰ ਠੱਲ ਪਾਉਣ ਲਈ ਜਿਲ੍ਹਾ ਪੁਲਿਸ ਵੱਲੋਂ ਵਿਸ਼ੇਸ਼ ਮੁਹਿੰਮ ਵਿੱਢੀ ਗਈ ਹੈ, ਜਿਸ ਤਹਿਤ ਸ਼੍ਰੀ ਗੁਰਬਿੰਦਰ ਸਿੰਘ ਪੀ.ਪੀ.ਐਸ., ਕਪਤਾਨ ਪੁਲਿਸ, ਇੰਨਵੈਸਟੀਗੇਸ਼ਨ, ਫਿਰੋਜ਼ਪੁਰ ਦੀ ਸੁਪਰਵੀਜਨ ਵਿੱਚ ਹਲਕਾ ਨਿਗਰਾਨ ਅਫਸਰਾਂ ਤੇ ਡੀ.ਐਸ.ਪੀ.(ਡੀ) ਫਿਰੋਜ਼ਪੁਰ ਦੀ ਨਿਗਰਾਨੀ ਹੇਠ ਟੀਮਾਂ ਬਣਾਈਆ ਗਈਆ ਸਨ, ਜੋ ਲਗਾਤਾਰ 24 ਘੰਟੇ ਕੰਮ ਕਰ ਰਹੀਆ ਹਨ। ਇਹਨਾਂ ਟੀਮਾਂ ਵਿੱਚੋਂ ਸ਼੍ਰੀ ਜਗਦੀਸ਼ ਕੁਮਾਰ ਪੀ.ਪੀ.ਐਸ., ਉਪ ਕਪਤਾਨ ਪੁਲਿਸ, (ਡੀ) ਫਿਰੋਜ਼ਪੁਰ ਦੀ ਨਿਗਰਾਨੀ ਵਿੱਚ ਐਸ.ਆਈ. ਜਨਕ ਰਾਜ ਇੰਚਾਰਜ਼ ਸੀ.ਆਈ.ਏ. ਸਟਾਫ ਫਿਰੋਜ਼ਪੁਰ ਦੀ ਅਗਵਾਈ ਵਾਲੀ ਟੀਮ ਨੂੰ ਉਸ ਸਮੇਂ ਭਾਰੀ ਸਫਲਤਾ ਮਿਲੀ, ਜਦੋਂ ਮਿਤੀ 29-06-2022 ਨੂੰ ਏ.ਐਸ.ਆਈ ਨਵਤੇਜ ਸਿੰਘ ਸੀ.ਆਈ.ਏ ਸਟਾਫ ਫਿਰੋਜ਼ਪੁਰ ਸਮੇਤ ਪੁਲਿਸ ਪਾਰਟੀ ਦੇ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਲਈ ਗਸ਼ਤ ਦੇ ਸਬੰਧ ਵਿੱਚ ਫਿਰੋਜ਼ਪੁਰ-ਫਾਜ਼ਿਲਕਾ ਰੋਡ ਪਰ ਬੱਸ ਅੱਡਾ ਪਿੰਡੀ ਮੌਜੂਦ ਸੀ ਤਾਂ ਉਸ ਪਾਸ ਮੁਖਬਰੀ ਹੋਈ ਕਿ ਗੁਰਦੀਪ ਸਿੰਘ ਉਰਫ ਕਾਲੀ ਸ਼ੂਟਰ ਪੁੱਤਰ ਕ੍ਰਿਪਾਲ ਸਿੰਘ ਵਾਸੀ ਪਿੰਡ ਜਾਮਾ ਰਖੱਈਆ ਉਤਾੜ ਥਾਣਾ ਮਮਦੋਟ, ਮਲਕੀਤ ਸਿੰਘ ਉਰਫ ਸੰਨੀ ਪੁੱਤਰ ਬਲਵਿੰਦਰ ਸਿੰਘ ਵਾਸੀ ਮੇਘਾ ਰਾਏ ਉਤਾੜ ਥਾਣਾ ਗੁਰੂਹਰਸਹਾਏ ਅਤੇ ਸਾਹਿਲ ਕੰਬੋਜ ਪੁੱਤਰ ਸੰਦੀਪ ਕੁਮਾਰ ਵਾਸੀ ਪਿੰਡ ਚੱਕ ਸੁੱਕੜ ਥਾਣਾ ਸਿਟੀ ਜਲਾਲਾਬਾਦ ਜੋ ਤਿੰਨੋ ਜਣੇ ਅਪਰਾਧਕ ਕਿਸਮ ਦੇ ਵਿਅਕਤੀ ਹਨ, ਅੱਜ ਨਜਾਇਜ ਅਸਲਾ/ਕਾਰਤੂਸ ਲੈ ਕੇ ਕਾਰ ਮਾਰਕਾ ਸਕੌਡਾ ਰੰਗ ਕਾਲਾ ਨੰਬਰੀ PB 47 E 7555 ਪਰ ਜਲਾਲਾਬਾਦ ਤੋਂ ਗੋਲੂ ਕਾ ਮੋੜ ਦੀ ਤਰਫ ਨੂੰ ਆ ਰਹੇ ਹਨ। ਜੇਕਰ ਫਿਰੋਜ਼ਪੁਰ-ਫਾਜ਼ਿਲਕਾ ਰੋਡ ਪਰ ਗੋਲੂ ਕਾ ਮੋੜ ਤੋਂ ਕੁਝ ਅੱਗੇ ਨਾਕਾਬੰਦੀ ਕੀਤੀ ਜਾਵੇ ਤਾਂ ਇਹ ਤਿੰਨੋ ਜਣੇ ਨਜਾਇਜ ਅਸਲਾ/ਕਾਰਤੂਸ ਸਮੇਤ ਰੰਗੇ ਹੱਥੀਂ ਕਾਬੂ ਆ ਸਕਦੇ ਹਨ। ਜਿਸ ਤੇ ਤੁਰੰਤ ਕਾਰਵਾਈ ਕਰਦਿਆ ਏ.ਐਸ.ਆਈ ਨਵਤੇਜ ਸਿੰਘ ਵੱਲੋਂ ਮੁਕੱਦਮਾ ਨੰਬਰ 164 ਮਿਤੀ 29-06-2022 ਅ/ਧ 25 ਅਸਲਾ ਐਕਟ ਥਾਣਾ ਗੁਰੂਹਰਸਹਾਏ ਦਰਜ਼ ਕਰਵਾ ਕੇ ਸਮੇਤ ਸਾਥੀ ਕਰਮਚਾਰੀਆ ਦੇ ਮੁਖਬਰੀ ਅਨੁਸਾਰ ਫਿਰੋਜਪੁਰ-ਫਾਜ਼ਿਲਕਾ ਰੋਡ ਪਰ ਗੋਲੂ ਕਾ ਮੋੜ ਤੋਂ ਥੋੜਾ ਅੱਗੇ ਨਾਕਾਬੰਦੀ ਕਰਦੇ ਕਾਰ ਸਕੌਡਾ ਸੁਪਰਬ ਰੰਗ ਕਾਲਾ ਨੰਬਰੀ PB 47 E 7555 ਵਿੱਚ ਸਵਾਰ ਹੋ ਕੇ ਆ ਰਹੇ ਗੁਰਦੀਪ ਸਿੰਘ ਉਰਫ ਕਾਲੀ ਸ਼ੂਟਰ, ਮਲਕੀਤ ਸਿੰਘ ਉਰਫ ਸੰਨੀ ਅਤੇ ਸਾਹਿਲ ਕੰਬੋਜ ਉਕਤਾਨ ਨੂੰ ਕਾਬੂ ਕਰਕੇ ਉਹਨਾ ਦੇ ਕਬਜਾ ਵਿੱਚੋਂ ਇੱਕ ਪਿਸਟਲ 7.62 mm spl. ਸਮੇਤ 5 ਰੌਂਦ ਜਿੰਦਾ 7.62 mm, 02 ਪਿਸਟਲ (ਦੇਸੀ ਕੱਟੇ) .315 ਬੋਰ ਸਮੇਤ 04 ਰੌਂਦ ਜਿੰਦਾ .315 ਬੋਰ ਬ੍ਰਾਮਦ ਕੀਤੇ ਗਏ। ਮੁੱਢਲੀ ਤਫਤੀਸ਼ ਤੋਂ ਇਹਨਾਂ ਤਿੰਨਾਂ ਦੋਸ਼ੀਆ ਦਾ ਅਪਰਾਧਕ ਪਿਛੋਕੜ ਹੋਣਾ ਸਾਹਮਣੇ ਆਇਆ ਹੈ, ਜਿੰਨਾਂ ਦੇ ਖਿਲਾਫ ਵੱਖ-ਵੱਕ ਥਾਣਿਆ ਵਿੱਚ ਕਈ ਮੁਕੱਦਮੇ ਦਰਜ਼ ਹਨ। ਦੋਸ਼ੀਆਂ ਨੂੰ ਅੱਜ ਪੇਸ਼ ਅਦਾਲਤ ਕਰਕੇ ਪੁਲਿਸ ਰਿਮਾਂਡ ਹਾਸਿਲ ਕਰਦੇ ਹੋਏ ਇਹਨਾਂ ਪਾਸੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ, ਜਿਸ ਤੇ ਕਾਫੀ ਵੱਡੇ ਖੁੱਲਾਸੇ ਹੋਣ ਦੀ ਸੰਭਾਵਨਾ ਹੈ।

**ਮੁਕੱਦਮਾ ਨੰਬਰ 164 ਮਿਤੀ 29-06-2022 ਅ/ਧ 25 ਅਸਲਾ ਐਕਟ ਥਾਣਾ ਗੁਰੂਹਰਸਹਾਏ**

**ਬਨਾਮ :**
1. ਗੁਰਦੀਪ ਸਿੰਘ @ ਕਾਲੀ ਸ਼ੂਟਰ ਪੁੱਤਰ ਕ੍ਰਿਪਾਲ ਸਿੰਘ ਵਾਸੀ ਪਿੰਡ ਜਾਮਾ ਰਖੱਈਆ ਉਤਾੜ ਥਾਣਾ ਮਮਦੋਟ।
2. ਮਲਕੀਤ ਸਿੰਘ ਉਰਫ ਸੰਨੀ ਪੁੱਤਰ ਬਲਵਿੰਦਰ ਸਿੰਘ ਵਾਸੀ ਮੇਘਾ ਰਾਏ ਉਤਾੜ ਥਾਣਾ ਗੁਰੂਹਰਸਹਾਏ
3. ਸਾਹਿਲ ਕੰਬੋਜ ਪੁੱਤਰ ਸੰਦੀਪ ਕੁਮਾਰ ਵਾਸੀ ਪਿੰਡ ਚੱਕ ਸੁੱਕੜ ਥਾਣਾ ਸਿਟੀ ਜਲਾਲਾਬਾਦ।

**ਤਿੰਨੋ ਗ੍ਰਿਫ: 29-06-2022**

**ਬ੍ਰਾਮਦਗੀ :**
- 01 ਪਿਸਟਲ 7.62 mm spl. ਸਮੇਤ 5 ਰੌਂਦ ਜਿੰਦਾ 7.62 mm,
- 02 ਪਿਸਟਲ (ਦੇਸੀ ਕੱਟੇ) .315 ਬੋਰ ਸਮੇਤ 04 ਰੌਂਦ ਜਿੰਦਾ .315 ਬੋਰ ਅਤੇ
- ਇੱਕ ਕਾਰ ਸਕੌਡਾ ਸੁਪਰਬ ਰੰਗ ਕਾਲਾ ਨੰਬਰੀ PB 47 E 7555

**ਵਕੂਆ ਦੀ ਮਿਤੀ ਅਤੇ ਸਥਾਨ :** ਮਿਤੀ 29-6-22 ਨੂੰ ਫਿਰੋਜਪੁਰ-ਫਾਜ਼ਿਲਕਾ ਰੋਡ ਪਰ ਨਜਦੀਕ ਗੋਲੂ ਕਾ ਮੋੜ ਫਿਰੋਜ਼ਪੁਰ।

Scanned by CamScanner

## ਉਕਤਾਨ ਦੋਸ਼ੀਆਨ ਦਾ ਸਾਬਕਾ ਕ੍ਰਿਮੀਨਲ ਰਿਕਾਰਡ :

**ਗੁਰਦੀਪ ਸਿੰਘ ਉਰਫ ਕਾਲੀ ਸ਼ੂਟਰ ਪੁੱਤਰ ਕ੍ਰਿਪਾਲ ਸਿੰਘ ਵਾਸੀ ਪਿੰਡ ਜਾਮਾ ਰਖੱਈਆ ਉਤਾੜ ਥਾਣਾ ਮਮਦੋਟ**

1. ਮੁਕੱਦਮਾ ਨੰਬਰ 09 ਮਿਤੀ 29-01-2019 ਅ/ਧ 379,411 ਭ.ਦੰ., 25 ਅਸਲਾ ਐਕਟ ਥਾਣਾ ਮਮਦੋਟ।
2. ਮੁਕੱਦਮਾ ਨੰਬਰ 17 ਮਿਤੀ 15-03-2019 ਅ/ਧ 379,411 ਭ.ਦੰ. ਥਾਣਾ ਮਮਦੋਟ।
3. ਮੁਕੱਦਮਾ ਨੰਬਰ 84 ਮਿਤੀ 25-07-2019 ਅ/ਧ 21 ਐਨ.ਡੀ.ਪੀ.ਐਸ ਐਕਟ ਥਾਣਾ ਮਮਦੋਟ।
4. ਮੁਕੱਦਮਾ ਨੰਬਰ 127 ਮਿਤੀ 07-11-2019 ਅ/ਧ 379,411 ਭ.ਦੰ. ਥਾਣਾ ਮਮਦੋਟ।
5. ਮੁਕੱਦਮਾ ਨੰਬਰ 23 ਮਿਤੀ 10-02-2020 ਅ/ਧ 21/25 ਐਨ.ਡੀ.ਪੀ.ਐਸ ਐਕਟ, 25 ਅਸਲਾ ਐਕਟ ਥਾਣਾ ਸਿਟੀ ਜਲਾਲਾਬਾਦ।
6. ਮੁਕੱਦਮਾ ਨੰਬਰ 127 ਮਿਤੀ 03-10-2020 ਅ/ਧ 21,25,29 ਐਨ.ਡੀ.ਪੀ.ਐਸ ਐਕਟ ਥਾਣਾ ਐਸ.ਟੀ.ਐਫ ਫੇਸ-4 ਐਸ.ਏ.ਐਸ ਨਗਰ ਮੋਹਾਲੀ।
7. ਮੁਕੱਦਮਾ ਨੰਬਰ 78 ਮਿਤੀ 18-04-2022 ਅ/ਧ 399,402 ਭ.ਦੰ., 25/27 ਅਸਲਾ ਐਕਟ ਥਾਣਾ ਗੁਰੂਹਰਸਹਾਏ।

**ਸਾਹਿਲ ਕੰਬੋਜ ਪੁੱਤਰ ਸੰਦੀਪ ਕੁਮਾਰ ਵਾਸੀ ਪਿੰਡ ਚੱਕ ਸੁੱਕੜ ਥਾਣਾ ਸਿਟੀ ਜਲਾਲਾਬਾਦ।**

1. ਮੁ:ਨੰ: 113 ਮਿਤੀ 22-07-2020 ਅ/ਧ 307,395,384,323,506,148,149 ਭ.ਦ. ਥਾਣਾ ਸਿਟੀ ਜਲਾਲਾਬਾਦ।
2. ਮੁ:ਨੰ: 17 ਮਿਤੀ 16-02-2020 ਅ/ਧ 336,506,34 ਭ.ਦ. 25,27 ਅਸਲਾ ਐਕਟ ਥਾਣਾ ਸਿਟੀ ਜਲਾਲਾਬਾਦ।
3. ਮੁ:ਨੰ: 250 ਮਿਤੀ 5-12-2021 ਅ/ਧ 324,323,427,506,120ਬੀ,148,149 ਭ.ਦ. ਥਾਣਾ ਸਿਟੀ ਜਲਾਲਾਬਾਦ।

**ਮਲਕੀਤ ਸਿੰਘ ਉਰਫ ਸੰਨੀ ਪੁੱਤਰ ਬਲਵਿੰਦਰ ਸਿੰਘ ਵਾਸੀ ਮੇਘਾ ਰਾਏ ਉਤਾੜ ਥਾਣਾ ਗੁਰੂਹਰਸਹਾਏ।**

1. ਮੁਕੱਦਮਾ ਨੰਬਰ 120 ਸਾਲ 2021 ਅ/ਧ 15 ਐਨ.ਡੀ.ਪੀ.ਐਸ ਐਕਟ ਥਾਣਾ ਮਮਦੋਟ।

Scanned by CamScanner